**ਐਗਜ਼ੈਕਟਿਵ ਸਾਰ**

## ਗ੍ਰੋਇੰਗ ਓਲਡ ਗ੍ਰੇਸਫੁਲੀ - ਸ਼ਾਨ ਨਾਲ ਲੰਬੇ ਸਮੇਂ ਤੋਂ ਵੱਧਦੇ ਹੋਏ

## ਸਮੁਦਾਇ ਵਿੱਚ ੨੫ ਸਾਲਾਂ ਦਾ ਜਸ਼ਨ ਮਨਾਉਂਦੇ ਹੋਏ

## ਮੈਮੋਰੀ ਬੁੱਕ

੧੯੯੩ ਵਿੱਚ ਸਥਾਪਿਤ, ਸਬਕੋ ਏਸ਼ਿਆਈ ਬਜ਼ੁਰਗ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਪਹਿਲੇ ਸੰਗਠਨਾਂ ਵਿੱਚੋਂ ਇੱਕ ਸੀ। ਪੱਚੀ ਸਾਲ ਬਾਅਦ, ਸਬਕੋ ਏਸ਼ਿਆਈ ਬਜ਼ੁਰਗਾਂ ਲਈ ਚੈਰਿਟੀ ਚਲਾਉਣ ਵਾਲੇ ਸਭ ਤੋਂ ਪੁਰਾਣੇ ਸੰਗਠਨਾਂ ਵਿੱਚੋਂ ਇੱਕ ਹੈ। ਸਬਕੋ ਦਾ ਨਿਰੰਤਰ ਅਸਤਿੱਤਵ ਇਕੱਲਾ ਹੀ ਇਸਦੇ ਸ਼ਾਨਦਾਰ ਅਤੇ ਵਿਵਿਧ ਸੇਵਾ ਪ੍ਰਾਵਧਾਨ, ਇਸਦੇ ਸਾਰੇ ਸਮੱਰਥਕਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਦਾ ਪ੍ਰਮਾਣ ਹੈ। 'ਗ੍ਰੋਇੰਗ ਓਲਡ ਗ੍ਰੇਸਫੁਲੀ - ਸ਼ਾਨ ਨਾਲ ਲੰਬੇ ਸਮੇਂ ਤੋਂ ਵੱਧਦੇ ਹੋਏ' ਸਦੀ ਦੇ ਚੌਥੇ ਹਿੱਸੇ ਤੋਂ ਵੱਧ ਸਮੇਂ ਦੌਰਾਨ ਸਟਾਫ਼ ਅਤੇ ਸੇਵਾ ਦੇ ਵਰਤੋਂਕਾਰਾਂ ਦੀਆਂ ਯਾਦਾਂ ਨੂੰ ਨਾਲ-ਨਾਲ ਲਿਆਉਂਦਾ ਹੈ। ਉਹਨਾਂ ਦੇ ਅਨੁਭਵ ਨਿਊਹੈਮ, ਲੰਦਨ, ਅਤੇ ਬ੍ਰਿਟੇਨ ਵਿੱਚ, ਸਮਾਜਿਕ ਦੇਖਭਾਲ ਪ੍ਰਬੰਧ ਦੇ ਦਰਪਣਾਂ ਰਾਹੀਂ ਏਸ਼ਿਆਈ ਸਮੁਦਾਇ ਦੇ ਇਤਿਹਾਸ ਦਾ ਵਰਣਨ ਕਰਦੇ ਹਨ। ਸਬਕੋ ਦੇ ਵਲੰਟੀਅਰਾਂ ਨੂੰ ਆਪਣੇ ਸ਼ਬਦਾਂ ਵਿੱਚ ਆਪਣੀਆਂ ਕਹਾਣੀਆਂ ਸੁਣਾਉਣ ਲਈ ਵਿਰਾਸਤ ਕੌਸ਼ਲ ਸਿਖਲਾਈ ਦਿੱਤੀ ਗਈ।

'ਗ੍ਰੋਇੰਗ ਓਲਡ ਗ੍ਰੇਸਫੁਲੀ - ਸ਼ਾਨ ਨਾਲ ਲੰਬੇ ਸਮੇਂ ਤੋਂ ਵੱਧਦੇ ਹੋਏ' ਈਸਟਸਾਇਡ ਕਮਿਊਨਿਟੀ ਹੈਰੀਟੇਜ ਦੀ ਸਾਂਝੇਦਾਰੀ ਵਿੱਚ ਤਿਆਰ ਕੀਤਾ ਗਿਆ ਅਤੇ ਇਹ ਹੈਰੀਟੇਜ ਲਾਟਰੀ ਫੰਡ ਦੀ ਮਦਦ ਨਾਲ ਅੱਗੇ ਵਧਾਇਆ ਗਿਆ।

ਸਬਕੋ ਦੇ ਵਲੰਟੀਅਰਾਂ ਨੂੰ ਈਸਟਸਾਇਡ ਕਮਿਊਨਿਟੀ ਹੈਰੀਟੇਜ ਦੁਆਰਾ ਮੌਖਿਕ ਇਤਿਹਾਸਿਕ ਵਿਧੀਆਂ ਵਿੱਚ ਸਿਖਲਾਈ ਦਿੱਤੀ ਗਈ। ਸਟਾਫ਼, ਸੇਵਾ ਦੇ ਵਰਤੋਂਕਾਰਾਂ, ਅਤੇ ਉਹਨਾਂ ਦੇ ਪਰਿਵਾਰਾਂ ਦਾ ਇੰਟਰਵਿਊ ਲੈ ਕੇ ਉਹਨਾਂ ਨੇ ਸਬਕੋ ਦੇ ਇਤਿਹਾਸ ਦਾ ਰਿਕਾਰਡ ਰੱਖਣ ਵਿੱਚ ਮਦਦ ਕੀਤੀ। ਇਹ ਯਾਦਾਂ ਸਬਕੋ ਦੀ ਪੱਚੀਵੀਂ ਵਰ੍ਹੇਗੰਢ 'ਤੇ ਇਸਦੀ ਕਹਾਣੀ ਦੱਸਦੀਆਂ ਹਨ।

"ਸਬਕੋ ਦੇ ਇਤਿਹਾਸ ਦਾ ਰਿਕਾਰਡ ਰੱਖਣਾ ਇੱਕ ਚੰਗਾ ਵਿਚਾਰ ਹੈ।"

"ਅਸੀਂ ਕਈ ਤਰੀਕਿਆਂ ਨਾਲ ਸਬਕੋ ਦੀ ੨੫ ਵੀਂ ਵਰ੍ਹੇਗੰਢ ਮਨਾ ਸਕਦੇ ਹਾਂ, ਜਿਵੇਂ ਹੋਰ ਲੋਕਾਂ ਨੂੰ ਜਾਣਦੇ ਹੋਏ, ਆਲੇ-ਦੁਆਲੇ ਹੋਰ ਲੀਫ਼ਲੈਟ ਅਤੇ ਹੋਰ ਗਤੀਵਿਧੀਆਂ ਦੇ ਨਾਲ।"

"ਹੁਣ ਮੇਰਾ ਇਕੱਲਾਪਣ ਨਹੀਂ ਰਿਹਾ"

"ਮੈਂ ੨੦੦੭ ਵਿੱਚ ਸਬਕੋ ਵਿੱਚ ਆਉਣਾ ਸ਼ੁਰੂ ਕਰ ਦਿੱਤਾ ਸੀ।" ਮੈਨੂੰ ਸਬਕੋ ਬਾਰੇ ਮੇਰੇ ਜੀਪੀ ਅਤੇ ਸਰਜਨ ਨੇ ਦੱਸਿਆ ਜੋ ਮੇਰਾ ਆਪਰੇਸ਼ਨ ਕਰਨ ਜਾ ਰਿਹਾ ਸੀ; ਉਹਨਾਂ ਨੇ ਮੇਰੇ ਲਈ ਸਬਕੋ ਦਾ ਪ੍ਰਬੰਧ ਕੀਤਾ..."

"ਮੈਂ ਚਾਰ ਸਾਲ ਪਹਿਲਾਂ ਸਬਕੋ ਵਿੱਚ ਆਉਣਾ ਸ਼ੁਰੂ ਕੀਤਾ। ਮੈਂ ਲੰਬੇ ਸਮੇਂ ਤੋਂ ਸਬਕੋ ਬਾਰੇ ਜਾਣਦਾ ਹਾਂ ਪਰ ਮੈਂ ਆਪਣੇ ਸੋਸ਼ਲ ਵਰਕਰ ਰਾਹੀਂ ਇਹ ਨਿਰਣਾ ਲਿਆ ਕਿ ਇਹ ਉਹ ਸਮਾਂ ਸੀ ਜਦੋਂ ਮੈਨੂੰ ਕਿਤੇ ਜਾਣ ਦੀ ਲੋੜ ਸੀ। ਉੱਥੇ ਹਮੇਸ਼ਾ ਮੇਰੇ ਲਈ ਸਟਾਫ਼ ਹੁੰਦਾ ਹੈ"

"ਸਬਕੋ ਅਪਾਹਿਜ ਅਤੇ ਵਾਂਝੇ ਲੋਕਾਂ ਲਈ ਬਹੁਤ ਚੰਗਾ ਹੈ।
ਉਹ ਮਿਲ ਸਕਦੇ ਹਨ ਅਤੇ ਇੱਕ ਦੂਜੇ ਨਾਲ ਗੱਲਾਂ ਕਰ ਸਕਦੇ ਹਨ, ਦੋਸਤਾਂ ਨਾਲ ਮਿਲ ਸਕਦੇ ਹਨ ਅਤੇ ਸੈਰਾਂ 'ਤੇ ਜਾ ਸਕਦੇ ਹਨ"

"ਮੇਰੇ ਪਤੀ ਨੇ ਸਟ੍ਰੋਕ ਹੋਣ ਮਗਰੋਂ ਇੱਥੇ ਆਉਣਾ ਸ਼ੁਰੂ ਕੀਤਾ। ਮੈਂ ਉਹਨਾਂ ਨਾਲ ਪਾਰਟੀਆਂ 'ਤੇ ਆਉਂਦੀ ਸੀ, ਅਤੇ ਅਸੀਂ ਇਕੱਠੇ ਸਮੁੰਦਰ ਦੇ ਕਿਨਾਰੇ ਜਾਂਦੇ ਸੀ। ਇਹ ਇੱਕ ਚੰਗੀ ਯਾਦ ਸੀ। ਜਦੋਂ ਉਹਨਾਂ ਦੀ ਮੌਤ ਹੋ ਗਈ ਮੈਂ ਖੁਦ ਨਿਯਮਿਤ ਤੌਰ 'ਤੇ ਆਉਣਾ ਸ਼ੁਰੂ ਕਰ ਦਿੱਤਾ..."

ਸਬਕੋ ਅੰਤਰਪੀੜੀ ਹੈ। ਆਪਣੇ ਸੇਵਾ ਵਰਤੋਂਕਾਰਾਂ ਦੇ ਪਰਿਵਾਰਾਂ ਨੂੰ ਮਦਦ ਦੇਣ ਦੇ ਨਾਲ-ਨਾਲ, ਸਬਕੋ ਸੈਂਟਰ ਵਿੱਚ ਨੌਜਵਾਨਾਂ ਦਾ ਵੀ ਸੁਆਗਤ ਕਰਦਾ ਹੈ, ਤਾਂ ਜੋ ਉਹ ਬਜ਼ੁਰਗਾਂ ਤੋਂ ਸਿੱਖ ਸਕਣ, ਅਤੇ ਬਜ਼ੁਰਗ ਉਹਨਾਂ ਤੋਂ ਸਿੱਖ ਸਕਣ:

"ਸਾਡੇ ਕੋਲ ਛੋਟੇ ਬੱਚਿਆਂ ਲਈ ਵੀ ਪ੍ਰੋਗਰਾਮ ਹਨ"

ਅਸੀਂ ਉਹਨਾਂ ਨਾਲ ਜਵਾਨ ਮਹਿਸੂਸ ਕਰਦੇ ਹਾਂ। ਅਸੀਂ ਉਹਨਾਂ ਨਾਲ ਕੰਮ ਕਰਕੇ ਜਾਂ ਖੇਡ ਕੇ ਜਾਂ ਜੋ ਵੀ ਉਹਨਾਂ ਨੇ ਕੀਤਾ ਉਸਦਾ ਆਨੰਦ ਮਾਣਿਆ। ਇਹ ਸਾਨੂੰ ਜਵਾਨ ਮਹਿਸੂਸ ਕਰਵਾਉਂਦਾ ਹੈ"

"ਕੁਝ ਸਮਾਂ ਪਹਿਲਾਂ ਉੱਥੇ ਇੱਕ ਯੂਥ ਕਲੱਬ ਸੀ, ਅਤੇ ਉੱਥੇ ਨੌਜਵਾਨ ਆਉਂਦੇ ਹਨ"

"ਉਹਨਾਂ ਨੇ ਬਜ਼ੁਰਗ ਲੋਕਾਂ ਦੇ ਆਨੰਦ ਲਈ ਨਵੇਂ ਸੈਸ਼ਨ ਖੋਲ੍ਹੇ।
ਕਈ ਵਾਰ ਨੌਜਵਾਨ ਵੀ ਸਬਕੋ ਵਿੱਚ ਆਉਂਦੇ ਹਨ। ਅਸੀਂ ਛੋਟੇ ਗਮਲਿਆਂ ਵਿੱਚ ਫੁੱਲ ਉਗਾਏ।
ਮੈਂ ਬੱਚਿਆਂ ਨਾਲ ਕੰਮ ਕਰਨਾ ਪਸੰਦ ਕੀਤਾ"

"ਹੁਣ ਸਬਕੋ ਇੱਕ ਵੱਡਾ ਸਥਾਨ ਬਣ ਗਿਆ ਹੈ"

ਪ੍ਰੋਜੈਕਟ ਦੌਰਾਨ, ਸਬਕੋ ਅਤੇ ਸਮੁਦਾਇ ਵਿੱਚ ਅਸੀਂ ਯਾਦਗਾਰਾਂ ਅਤੇ ਯਾਦਾਂ ਕੈਫ਼ੀ ਸੈਸ਼ਨ ਕੀਤੇ। ਅਸੀਂ ਸਬਕੋ ਦੇ ਇਤਿਹਾਸ ਅਤੇ ਸਥਾਨਕ ਖੇਤਰ ਦੀਆਂ ਕੁਝ ਅਦਭੁਤ ਯਾਦਾਂ ਮੁੜ ਤਾਜ਼ਾ ਕਰਨ ਲਈ 'ਮੈਮੋਰੀ ਟ੍ਰੀ' ਗਤੀਵਿਧੀ ਵਰਤੀ, ਉਦਾਹਰਨ ਲਈ:

ਤੁਹਾਡੀ ਸਬਕੋ ਦੀ ਪਹਿਲੀ ਯਾਦਗਾਰ ਕਿਹੜੀ ਹੈ?

ਸਬਕੋ ਨਾਲ ਤੁਸੀਂ ਕਿਹੜੇ ਟ੍ਰਿਪਸ 'ਤੇ ਗਏ?

ਉਹਨਾਂ ਨੂੰ ਕਿਸਨੇ ਖਾਸ ਬਣਾਇਆ?

ਸਾਲਾਂ ਦੌਰਾਨ ਸਬਕੋ ਕਿਵੇਂ ਬਦਲਿਆ?

ਕੀ ਬਿਲਡਿੰਗ ਜਾਂ ਲੋਕ ਵੱਖ ਹਨ?

ਤੁਹਾਨੂੰ ਕੀ ਲੱਗਦਾ ਹੈ ਕਿ ਸਬਕੋ ਨੂੰ ਭਵਿੱਖ ਵਿੱਚ ਕਿਵੇਂ ਬਦਲਣਾ ਚਾਹੀਦਾ ਹੈ?

ਤੁਹਾਡੇ ਇੱਥੇ ਰਹਿਣ ਤੋਂ ਬਾਅਦ ਨਿਊਹੈਮ ਕਿਵੇਂ ਬਦਲਿਆ ਹੈ?

ਤੁਹਾਨੂੰ ਕੀ ਲੱਗਦਾ ਹੈ ਕਿਇਹ ਭਵਿੱਖ ਵਿੱਚ ਕਿਵੇਂ ਬਦਲੇਗਾ?

ਸਬਕੋ ਦੇ ਇਤਿਹਾਸ ਬਾਰੇ ਹੋਰ ਜਾਣਨ ਲਈ ਕਿਰਪਾ ਕਰਕੇ ਪ੍ਰੋਜੈਕਟ ਦੀ ਵੈੱਬਸਾਈਟ 'ਤੇ ਜਾਓ ਜਿੱਥੇ ਤੁਸੀਂ ਹੋਰ ਤਸਵੀਰਾਂ ਦੇ ਨਾਲ-ਨਾਲ ਮੌਖਿਕ ਇਤਿਹਾਸ ਦੇ ਇੰਟਰਵਿਊਆਂ ਤੋਂ ਉਦਰਣ ਲੈ ਸਕਦੇ ਹੋ।

ਸਬਕੋ ਆਪਣੀ ਸਥਾਪਨਾ ਤੋਂ ਅੱਜ ਤੱਕ ਨਿਰੰਤਰ ਕੀਤੇ ਜਾਣ ਵਾਲੇ ਸਾਰੇ ਸ਼ਾਨਦਾਰ ਕੰਮਾਂ ਦਾ ਰਿਕਾਰਡ ਰੱਖਣ, ਦਸਤਾਵੇਜ਼ਾਂ ਵਿੱਚ ਲਿਖਣ ਅਤੇ ਸਬਕੋ ਦੀ ਕਹਾਣੀ ਦੇ ਜਸ਼ਨ ਲਈ ਸਾਡੇ ਪ੍ਰੋਕੈਜਟ ਵਿੱਚ ਮਦਦ ਕਰਨ ਲਈ ਈਸਟਸਾਇਡ ਕਮਿਊਨਿਟੀ ਹੈਰੀਟੇਜ ਅਤੇ ਇਹ ਹੈਰੀਟੇਜ ਲਾਟਰੀ ਫੰਡ ਦਾ ਧੰਨਵਾਦ ਕਰਨਾ ਚਾਹੁੰਦਾ ਹੈ।

ਅਸੀਂ ਉਹਨਾਂ ਸਾਰਿਆਂ ਨੂੰ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਹਨਾਂ ਨੇ ਸਾਡੇ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਨ ਲਈ ਆਪਣਾ ਸਮਾਂ ਕੱਢ ਕੇ, ਪੂਰੇ ਪ੍ਰੋਜੈਕਟ ਦੌਰਾਨ ਮੌਖਿਕ ਇੰਟਰਵਿਊਆਂ ਵਿੱਚ ਭਾਗ ਲਿਆ।

ਅੰਤ ਵਿੱਚ ਸਬਕੋ ਦੇ ਸਾਰੇ ਵਲੰਟੀਅਰਸ ਅਤੇ ਸਟਾਫ ਦਾ ਧੰਨਵਾਦ ਜਿਹਨਾਂ ਨੇ ਇਸ ਪ੍ਰੋਜੈਕਟ ਵਿੱਚ ਬਹੁਤ ਸਖ਼ਤ ਮਿਹਨਤ ਕੀਤੀ ਹੈ ਅਤੇ ਸਮਰਪਣ ਦਿਖਾਇਆ ਹੈ।